# ਕਹਾਣੀਕਾਰ ਭੂਰਾ ਸਿੰਘ ਕਲੇਰ ਦੀ ਕਹਾਣੀ ਕਲਾ ਸੰਬੰਧੀ ਸਮਾਗਮ

ਭਗਤਾ ਭਾਈਕਾ, 25 ਅਗਸਤ (ਸੁਖਪਾਲ ਸਿੰਘ ਸੋਨੀ)-ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਭਗਤਾ ਭਾਈਕਾ ਵਿਖੇ ਸਾਹਿਤਕ ਮੰਚ ਭਗਤਾ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਕਹਾਣੀਕਾਰ ਭੂਰਾ ਸਿੰਘ ਕਲੇਰ ਦੀ ਕਹਾਣੀ ਕਲਾ ਬਾਰੇ ਸਮਾਗਮ ਕਰਵਾਇਆ ਗਿਆ। ਮੰਚ ਦੀ ਜਨਰਲ ਸਕੱਤਰ ਕਹਾਣੀਕਾਰ ਅੰਮ੍ਰਿਤਪਾਲ ਕਲੇਰ ਨੇ ਬਾਹਰੋਂ ਮਹਿਮਾਨਾ ਅਤੇ ਪਹੁੰਚੇ ਲੇਖਕਾਂ ਦਾ ਸਵਾਗਤ ਕੀਤਾ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਹਾਣੀਕਾਰ ਭਗਵੰਤ ਰਸੂਲਪੁਰੀ ਨੇ ਕਿਹਾ ਕਿ ਭੂਰਾ ਸਿੰਘ ਕਲੇਰ ਨੇ ਆਪਣੀਆਂ ਕਹਾਣੀਆਂ ਵਿਚ ਮਾਲਵੇ ਦੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਾਤਰਾਂ ਬਾਰੇ ਕਹਾਣੀਆਂ ਲਿਖੀਆਂ, ਜੋ ਪੰਜਾਬੀ ਕਹਾਣੀ ਦਾ ਅੰਗ ਪਹਿਲਾਂ ਨਹੀਂ ਸੀ ਬਣੇ। ਮੁੱਖ ਮਹਿਮਾਨ ਨਾਵਲਕਾਰ ਅਤੇ ਕਹਾਣੀਕਾਰ ਕੁਲਦੀਪ ਸਿੰਘ ਬੇਦੀ ਨੇ ਕਿਹਾ ਕਿ ਕਲੇਰ ਨੇ ਆਪਣੀਆਂ ਕਹਾਣੀਆਂ ਵਿਚ ਹਾਸ਼ੀਆਗਤ ਲੋਕਾਂ ਦੀ ਬਾਤਪਾਈ ਹੈ। ਅਕੈਡਮੀ ਦੇ ਸਲਾਹਕਾਰ ਬੋਰਡ ਦੇ ਮੈਂਬਰ ਅਤੇ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਕਲੇਰ ਨੇ ਜ਼ਿੰਦਗੀ ਮਾਣਦੇ ਲੋਕਾਂ ਦੀ ਬਜਾਏ ਪਸ਼ੂਆਂ ਵਰਗਾ ਜੀਵਨ ਜਿਉਂਦੇ ਲੋਕਾਂ ਦੇ ਦੁੱਖਾਂ ਦੇ ਦਰਦਨਾਕ ਜੀਵਨ ਨੂੰ ਦਰਸਾ ਕੇ ਉਨ੍ਹਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ। ਸਲਾਹਕਾਰ ਬੋਰਡ ਦੇ ਹੀ ਮੈਂਬਰ ਨਾਵਲਕਾਰ ਜਸਪਾਲ ਮਾਨਖੇੜਾ ਨੇ ਕਿਹਾ ਕਿ ਕਲੇਰ ਕਾਲੀਆਂ ਰਾਤਾਂ ਦੇ ਵਿਰੋਧ ਦਾ ਵੱਡਾ ਕਹਾਣੀਕਾਰ ਸੀ। ਚਿੰਤਨਸ਼ੀਲ ਲਛਮਣ ਸਿੰਘ ਮਲੂਕਾ ਨੇ ਕਿਹਾ ਕਿ ਕਲੇਰ ਨੇ ਮਲਵਈ ਦਲਿਤ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਮੌਲਿਕ ਰੂਪ ਵਿਚ ਚਿਤਰਿਆ, ਉਸ ਦੀਆਂ ਕਹਾਣੀਆਂ ਹਾਸ਼ੀਆਗਤ ਲੋਕਾਂ ਦੇ ਦੁੱਖਾਂ ਭਰੇ ਜੀਵਨ ਦੀ ਬਾਤ ਪਾਉਂਦੀਆਂ ਹਨ। ਸਮਾਗਮ ਦੇ ਅੰਤ ਵਿਚ ਸਾਹਿਤਕ ਮੰਚ ਭਗਤਾ ਦੇ ਪ੍ਰਧਾਨ ਨਾਵਲਕਾਰ ਸੁਖਮੰਦਰ ਸਿੰਘ ਬਰਾੜ ਨੇ ਸਭਨਾਂ ਦਾ ਅਤੇ ਸਾਹਿਤ ਅਕੈਡਮੀ ਦਿੱਲੀ ਦੇ ਭਾਰਤ ਪੱਧਰੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮੰਚ ਦੇ ਸਰਪ੍ਰਸਤ ਬਲੌਰ ਸਿੰਘ ਸਿੱਧੂ, ਪੰਜਾਬੀ ਗ਼ਜ਼ਲਕਾਰ ਅਮਰਜੀਤ ਸਿੰਘ ਜੀਤ, ਰਣਵੀਰ ਰਾਣਾ, ਕੁਲਦੀਪ ਸਿੰਘ ਬੇਗੀ, ਪੰਜਾਬੀ ਕਵੀ ਚਰਨਜੀਤ ਸਿੰਘ ਸਮਾਲਸਰ , ਪ੍ਰਸ਼ੋਤਮ ਪੱਤੋ, ਜਸਵੰਤ ਰਾਊਕੇ, ਤਰਲੋਚਨ ਸਿੰਘ, ਸੁਖਨੈਬ ਸਿੰਘ ਸਿੱਧੂ, ਤੇਜਾ ਸਿੰਘ ਤਿਲਕ, ਵੀਰਪਾਲ ਕੌਰ ਹੰਡਿਆਇਆ ਲੈਕਚਰਾਰ ਮਨਦੀਪ ਸਿੰਘ ਅਤੇ ਰੁਬਲ ਤੋਂ ਇਲਾਵਾ ਬਹੁਤ ਸਾਰੇ ਲੇਖਕਾਂ ਨੇ ਭਾਗ ਲਿਆ।



ਸਮਾਗਮ ਦਾ ਪ੍ਰਧਾਨਗੀ ਮੰਡਲ ਵਿਚਾਰ ਪੇਸ਼ ਕਰਦੇ ਹੋਏ ਜਸਪਾਲ ਮਾਨਖੇੜਾ। ਤਸਵੀਰ: ਸੁਖਪਾਲ ਸਿੰਘ ਸੋਨੀ